31.3.96

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

## 23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿਚ ਸਭਿਆਚਾਰਕ ਪ੍ਰੋਗਰਾਮ

23 ਮਾਰਚ ਉਹ ਦਿਨ ਹੈ ਜਦੋਂ ਸਾਡੇ ਲੋਕ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਯਾਦ ਕਰਦੇ ਹਨ। ਉਨ੍ਹਾਂ ਦਾ ਇਨਕਲਾਬ ਅਤੇ ਬਰਾਬਰੀ ਦਾ ਸੁਨੇਹਾ ਸੁਣਦੇ ਹਨ। ਥਾਂ ਥਾਂ 'ਤੇ ਸਭਿਆਚਾਰਕ ਪ੍ਰੋਗਰਾਮ ਹੁੰਦੇ ਹਨ। ਇਸ ਸਬੰਧ ਵਿਚ ਸਾਲ 1993 ਨੂੰ ਯਾਦ ਕੀਤਾ ਜਾ ਸਕਦਾ ਹੈ ਜਦੋਂ ਨਾਟਕ 'ਬੁੱਤ ਜਾਗ ਪਿਆ' ਨੇ ਜਨਮ ਲਿਆ। ਸਾਲ 1993, ਜਦੋਂ 23 ਮਾਰਚ ਮੈਂ ਅਤੇ ਮੇਰੇ ਕਲਾਕਾਰ ਸਾਥੀ ਖਟਕੜ ਕਲਾਂ ਗਏ। ਉਥੇ ਦੇਖਿਆ ਕਿ ਜਿਥੇ ਹਰ ਸਾਲ ਮੇਲਾ ਲਗਦਾ ਸੀ ਅਤੇ ਰਾਜਸੀ ਪਾਰਟੀਆਂ ਆਪਣੀਆਂ ਸਟੇਜਾਂ ਲਗਾਉਂਦੀਆਂ ਸਨ, ਸਭਿਆਚਾਰਕ ਪ੍ਰੋਗਰਾਮ ਹੁੰਦੇ ਸਨ, ਉਥੇ ਸਭ ਥਾਂ ਪੁਲੀਸ ਹੀ ਪੁਲੀਸ ਹੈ। ਸਿਰਫ ਇਕ ਸਰਕਾਰੀ ਕਿਸਮ ਦੇ ਸਮਾਗਮ ਦੀ ਇਜਾਜ਼ਤ ਹੈ। ਉਸ ਸਮਾਗਮ ਵਿਚ ਜਦੋਂ ਅਸੀਂ ਪਹੁੰਚੇ ਤਾਂ ਦਿੱਲੀ ਅਤੇ ਚੰਡੀਗੜ੍ਹ ਤੋਂ ਲੀਡਰ ਹਾਲੀ ਨਹੀਂ ਸਨ ਪਹੁੰਚੇ। ਸਟੇਜ 'ਤੇ ਇਕ ਗਾਇਕ ਗੀਤ ਗਾ ਰਿਹਾ ਸੀ, 'ਬੇਰੀਆਂ ਦੇ ਬੇਰ ਤੋੜਨ ਵਾਲੀਏ, ਸਾਨੂੰ ਗਿੱਟਕਾਂ ਗਿਣਨ 'ਤੇ ਰਖ ਲੈ'। ਹੈਰਾਨੀ ਹੋਈ ਕਿ ਵਕਤ ਦੀ ਸਰਕਾਰ ਹੁਣ ਇਹੋ ਜਿਹੇ ਭਗਤ ਸਿੰਘ ਦੇ ਵਾਰਿਸ ਵੇਖਣਾ ਚਾਹੁੰਦੀ ਹੈ ਜਿਹੜੇ ਇਹ ਚਾਹੁਣ ਕਿ ਕੁੜੀਆਂ ਬੇਰੀਆਂ ਤੋਂ ਬੇਰ ਤੋੜਨ ਅਤੇ ਉਹ ਥੱਲੇ ਗਿੱਟਕਾਂ ਗਿਣਨ। ਦੂਜਾ ਗੀਤ ਇਕ ਬੀਬੀ ਨੇ ਗਾਇਆ 'ਮੇਰਾ ਲੌਂਗ ਗਵਾਚਾ, ਪਿਛੇ ਪਿਛੇ ਲੱਭਦਾ ਆਈਂ ਵੇ, ਯਾਨੀ ਭਗਤ ਸਿੰਘ ਦੇ ਵਾਰਿਸਾਂ ਨੂੰ ਹੁਣ ਇਹ ਕੰਮ ਹੈ ਕਿ ਕੁੜੀਆਂ ਦੇ ਲੌਂਗ ਗਵਾਚਣ ਤੇ ਉਹ ਲੱਭਦੇ ਰਹਿਣ। ਲੀਡਰ ਆਏ ਤਾਂ ਉਨ੍ਹਾਂ ਨੇ ਪੂਰੀ ਰਸਮ ਨਾਲ ਅਤੇ ਵਿਖਾਵੇ ਨਾਲ ਭਗਤ ਸਿੰਘ ਦੇ ਬੁੱਤ ਨੂੰ ਹਾਰ ਪਹਿਨਾਏ। ਮੈਂ ਉਸ ਵੇਲੇ ਸੋਚਿਆ ਕਿ ਭਗਤ ਸਿੰਘ ਜੇਕਰ ਬੁੱਤ ਨਾ ਹੁੰਦਾ, ਜੀਂਦਾ ਜਾਗਦਾ ਹੁੰਦਾ ਤਾਂ ਉਹ ਇਨ੍ਹਾਂ ਲੀਡਰਾਂ ਕੋਲੋਂ ਹਾਰ ਪਹਿਨਾਉਣ ਦੀ ਥਾਂ ਉਨ੍ਹਾਂ ਨੂੰ ਚਪੇੜ ਮਾਰਦਾ ਤੇ ਆਖਦਾ, 'ਦੁਸ਼ਟੋ, ਤੁਸੀਂ ਮੇਰੇ ਮਿਸ਼ਨ ਨੂੰ ਤਾਂ ਮਿੱਟੀ ਵਿਚ ਮਿਲਾ ਰਹੇ ਹੋ ਤੇ ਮੈਨੂੰ ਹਾਰ ਪਾ ਕੇ ਪਖੰਡ ਕਰ ਰਹੇ ਹੋ'। ਮੈਂ ਇਸੇ ਵਿਚਾਰ ਨੂੰ ਇਕ ਨਾਟਕ ਦਾ ਰੂਪ ਦਿੱਤਾ ਅਤੇ ਉਸੇ ਦਿਨ ਖਟਕੜ ਕਲਾਂ ਕੋਲ ਪਿੰਡ ਕਾਹਮਾ ਵਿਚ ਇਹ ਨਾਟਕ ਕੀਤਾ। ਇਹ ਨਾਟਕ ਫੇਰ ਹੋਰ ਥਾਵਾਂ 'ਤੇ ਵੀ ਕੀਤਾ ਅਤੇ ਇਹ ਮਕਬੂਲ ਹੋਇਆ।

ਇਸ ਸਾਲ ਇਹੋ ਜਿਹਾ ਹੀ ਇਕ ਮਜ਼ਾਕ ਫੇਰ ਭਗਤ ਸਿੰਘ ਨਾਲ ਵਕਤ ਦੀ ਸਰਕਾਰ ਵਲੋਂ ਕੀਤਾ ਗਿਆ। ਸਰਕਾਰੀ ਮੀਡੀਆ ਵਲੋਂ ਨਵਾਂ ਸ਼ਹਿਰ ਦੇ ਇਲਾਕੇ ਵਿਚ ਇਕ ਇਸ਼ਤਿਹਾਰ ਲੱਗਿਆ ਵੇਖਿਆ ਗਿਆ ਜਿਸ ਵਿਚ ਇਕ ਪਾਸੇ ਸ. ਹਰਚਰਨ ਸਿੰਘ ਬਰਾੜ ਅਤੇ ਦੂਜੇ ਪਾਸੇ ਮਰਹੂਮ ਦਿਲਬਾਗ ਸਿੰਘ ਦੀ ਫੋਟੋ ਸੀ ਅਤੇ ਵਿਚਕਾਰ ਭਗਤ ਸਿੰਘ ਜਕੜਿਆ ਹੋਇਆ ਸੀ।

ਇਹ ਸਾਫ ਹੈ ਕਿ ਇਨ੍ਹਾਂ ਦੋਵਾਂ ਸ਼ਖਸੀਅਤਾਂ ਦਾ ਭਗਤ ਸਿੰਘ ਦੇ ਸਿਧਾਂਤ ਨਾਲ ਦੂਰ ਦਾ ਵੀ ਵਾਸਤਾ ਨਹੀਂ। ਕਈ ਥਾਂ 'ਤੇ ਲੋਕਾਂ ਨੇ ਪ੍ਰਤੀਕਰਮ ਵਜੋਂ ਦੋਨੋਂ ਸ਼ਖਸੀਅਤਾਂ ਦੀਆਂ ਤਸਵੀਰਾਂ ਉਤੇ ਕਾਟਾ ਮਾਰਿਆ ਹੋਇਆ ਸੀ। ਇਹ ਇਸ਼ਤਿਹਾਰ ਅਤੇ ਲੋਕਾਂ ਵਲੋਂ ਕਾਟਾ ਮਾਰਿਆ ਜਾਣਾ, ਆਪਣੇ ਆਪ ਵਿਚ ਇਕ ਨਾਟਕੀ ਘਟਨਾ ਹੈ। ਇਸ ਦਾ ਨਾਟਕ ਵੀ 24 ਮਾਰਚ ਨੂੰ ਕੀਤਾ ਗਿਆ। ਕੋਈ ਘਟਨਾ ਕਿਸੇ ਨਾਟਕ ਨੂੰ ਜਨਮ ਦੇਂਦੀ ਹੈ, ਇਹ ਇਸ ਦੀ ਇਕ ਮਿਸਾਲ ਹੈ।

ਹੈ?

## ਇਕ ਨਾਟਕ –ਸ਼ਰਮ ਕਿਸ ਨੂੰ ਆਉਣੀ ਚਾਹੀਦੀ ਹੈ ?

ਇਕ ਨੇਤਾ ਕਟਹਿਰੇ ਵਿਚ ਖੜ੍ਹਾ ਕੀਤਾ ਹੋਇਆ ਹੈ, ਜਿਰਹਾ ਹੋ ਰਹੀ ਹੈ।

? ਨੇਤਾ ਜੀ, ਤੁਹਾਡੇ 'ਤੇ ਇਲਜ਼ਾਮ ਹੈ ਕਿ ਤੁਸੀਂ ਬਹੁਤ ਸਾਰਾ ਪੈਸਾ ਰਿਸ਼ਵਤ ਦੇ ਤੌਰ 'ਤੇ ਖਾਧਾ।

– ਮੀ ਲਾਰਡ, ਇਹ ਗਲਤ ਏ, ਮੈਂ ਸੌਂਹ ਖਾ ਕੇ ਕਹਿੰਦਾ ਹਾਂ ਕਿ ਮੈਂ ਇਕ ਪੈਸੇ ਦੀ ਹੇਰਾਫੇਰੀ ਨਹੀਂ ਕੀਤੀ।

? ਇਕ ਪੈਸੇ ਦੀ ਵੀ?

– ਹਾਂ ਇਕ ਪੈਸੇ ਦੀ ਵੀ।

? ਪਰ ਲੋਕ ਲੱਖਾਂ ਕਰੋੜਾਂ ਰੁਪਏ ਦੀ ਗੱਲ ਕਰ ਰਹੇ ਹਨ।

– ਲੱਖਾਂ ਕਰੋੜਾਂ ਰੁਪਏ ਦੀ ਗੱਲ ਹੋਰ ਹੈ। ਮੈਂ ਫੇਰ ਕਹਿੰਦਾ ਹਾਂ ਕਿ ਮੈਂ ਪੈਸਾ ਕੋਈ ਨਹੀਂ ਲਿਆ। ਪੈਸੇ ਅਤੇ ਰੁਪਏ ਵਿਚ ਫਰਕ ਹੁੰਦਾ ਹੈ।

? ਜੋ ਕੁਝ ਤੁਸੀਂ ਕੀਤਾ ਹੈ, ਉਹਦੇ ਬਾਰੇ ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ।

– ਨਹੀਂ ਸ਼ਰਮ ਉਨ੍ਹਾਂ ਨੂੰ ਆਉਣੀ ਚਾਹੀਦੀ ਹੈ ਜਿਨ੍ਹਾਂ ਮੈਨੂੰ ਨੇਤਾ ਬਣਾਇਆ, ਮੈਨੂੰ ਵੋਟਾਂ ਪਾਈਆਂ, ਮੇਰੇ ਗਲੇ ਵਿਚ ਹਾਰ ਪਾਏ।

ਜੱਜ ਚੁੱਪ ਹੈ ਕਿਉਂਕਿ ਕਾਨੂੰਨ ਵਿਚ ਬੇਸ਼ਰਮੀ ਨੂੰ ਸਜ਼ਾ ਦੇਣ ਦੀ ਕੋਈ ਧਾਰਾ ਨਹੀਂ।

## ਸੋਨੇ ਦੀ ਸਵੇਰ ਆਊ ਹਾਣੀਆਂ

23 ਮਾਰਚ ਤਲਵੰਡੀ ਸਲੇਮ ਪਾਸ਼ ਨੂੰ ਯਾਦ ਕੀਤਾ ਗਿਆ। ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਨਾਟਕ ਕੀਤੇ ਗਏ। ਨਾਟਕ ਕਲਾ ਕੇਂਦਰ ਲੋਹੀਆਂ ਦੇ ਕਲਾਕਾਰਾਂ ਵਲੋਂ ਪਾਸ਼ ਦਾ ਗੀਤ 'ਸੋਨੇ ਦੀ ਸਵੇਰ ਆਊ ਹਾਣੀਆਂ' ਕੋਰੀਓਗਰਾਫੀ ਰੂਪ ਵਿਚ ਪੇਸ਼ ਕੀਤਾ ਗਿਆ। ਸੋਨੇ ਦੀ ਸਵੇਰ ਦੀ ਲੋਕਾਂ ਨੂੰ ਸ਼ਿੱਦਤ ਨਾਲ ਉਡੀਕ ਹੈ।